ਮਿਤੀ: ੨੬ ਜੁਲਾਈ ੨੦੨੫

ਸਤਿਕਾਰਯੋਗ ਐਡਵੋਕੇਟ ਸ: ਹਰਜਿੰਦਰ ਸਿੰਘ ਜੀ,
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ।

**ਵਿਸ਼ਾ: ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਲਈ ਐਸ.ਜੀ.ਪੀ.ਸੀ. ਕਿਸ ਵੇਲੇ ਦੀ ਉਡੀਕ ਕਰ ਰਹੀ ਹੈ?**

ਅਜੋਕੇ ਪੰਥਕ ਹਾਲਾਤ ਇਹ ਹੋ ਗਏ ਹਨ ਕਿ ਪਿਛਲੇ ਮਸਲੇ ਸੁਲਝ ਨਹੀਂ ਰਹੇ, ਪਰ ਨਿੱਤ ਦਿਹਾੜੇ ਨਵੇਂ ਮਸਲੇ ਖੜੇ ਹੋ ਰਹੇ ਹਨ। ਅਫ਼ਸੋਸ, ਜਿਸ ਅਹਿਮ ਮਸਲੇ ਦੀ ਨਿਸ਼ਾਨਦੇਹੀ ਸਿੱਖਾਂ ਦੀ ਹਰ ਧਿਰ ਨੇ ਕੀਤੀ ਹੋਵੇ ਅਤੇ ਉਸ ਨੂੰ ਸੁਲਝਾਉਣ ਵਾਸਤੇ ਐਸ.ਜੀ.ਪੀ.ਸੀ ਵੱਲੋਂ ਵੀ ਸਮੇਂ-ਸਮੇਂ ਕਮੇਟੀਆਂ ਬਣਾਈਆਂ ਗਈਆਂ ਹੋਣ, ਉਸ ਨੂੰ ਵੀ ਲੰਬੇ ਸਮੇਂ ਤੋਂ ਠੰਡੇ ਬਸਤੇ ਵਿੱਚ ਪਾਇਆ ਹੋਇਆ ਹੈ। ਭਾਵ, ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਤੋਂ ਹੈ।

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥
ਗਲਤੀਆਂ ਛਪਾਈ ਦੀਆਂ ਹਨ, ਜੋ ਸਾਡੇ ਵਰਗੇ ਭੁਲਣਹਾਰ ਸਿੱਖਾਂ ਵੱਲੋਂ ਉਤਾਰੇ ਦੋਰਾਨ ਹੋਈਆਂ ਹਨ, ਅਤੇ ਸਾਡੇ ਵੱਲੋਂ ਹੀ ਤੁਰੰਤ ਇਹਨਾਂ ਨੂੰ ਠੀਕ ਕਰਨਾ ਵੀ ਬਣਦਾ ਹੈ। ਵਧੇਰੇ ਜਾਣਕਾਰੀ ਲਈ ਦੇਖੋ: https://gurugranthsahib.study

ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਇਸੇ ਗੰਭੀਰ ਮੁੱਦੇ ਤੇ ਸੰਗਤਾਂ ਦੀ ਜਾਗਰੂਕਤਾ ਲਈ ੨੬ ਜੁਲਾਈ ਨੂੰ ਵੈਬੀਨਾਰ ਕਰਵਾਇਆ ਗਿਆ ਹੈ। ਜਾਣਕਾਰੀ ਭਰਪੂਰ ਵੈਬੀਨਾਰ ਉਪਰੰਤ ਅਤੇ ਸਮੇਂ-ਸਮੇਂ ਸਿਰ ਛਪਦੇ ਲੇਖਾਂ ਅਤੇ ਚਿੱਠੀਆਂ ਤੋਂ ਹਾਸਲ ਜਾਣਕਾਰੀ ਦੇ ਅਧਾਰ ਤੇ ਐਸ.ਜੀ.ਪੀ.ਸੀ. ਦੀ ਕਾਰਜ ਸ਼ੈਲੀ ਤੇ ਹੇਠ ਲਿਖੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ:

੧) ਸ਼੍ਰੋਮਣੀ ਕਮੇਟੀ ਵੱਲੋਂ ੧੯੫੨ ਵਿੱਚ ਵਿਦਵਾਨਾ ਦੀ ਨਿਗਰਾਨੀ ਹੇਠ ਪਵਿੱਤਰ ਬੀੜ ਛਪਵਾਈ ਗਈ ਸੀ, ਪਰ ੧੯੬੪ ਵਿੱਚ ਛਪਾਈ ਗਈ ਇਸੇ ਬੀੜ ਵਿੱਚ ਬਹੁਤ ਜ਼ਿਆਦਾ ਅੰਤਰ ਪਾ ਦਿੱਤਾ ਗਿਆ। ੧੯੫੨ ਵਾਲੀ ਬੀੜ ਵਿੱਚ ਮੰਗਲ ਉੱਪਰ ਅਤੇ ਇੱਕ ਤਰਤੀਬ ਵਿੱਚ ਸਨ ਜੋ ੧੯੬੪ ਵਿੱਚ ਬੇਤਰਤੀਬੇ ਕਰ ਦਿੱਤੇ ਗਏ। ਦੱਸਣ ਦੀ ਕਿਰਪਾ ਕੀਤੀ ਜਾਵੇ ਕਿ ੧੯੬੪ ਵਿੱਚ ਛਪੀ ਬੀੜ ਅੰਦਰ ਇਹ ਤਬਦੀਲੀਆਂ ਕਿਸ ਅਧਾਰ ਤੇ ਕੀਤੀਆਂ ਗਈਆਂ ਸਨ ਅਤੇ ਕਿਹੜੇ ਵਿਦਵਾਨਾਂ ਦੀ ਰਾਇ ਨਾਲ ਕੀਤੀਆਂ ਗਈਆਂ ਸਨ? ਇਸਦਾ ਕੋਈ ਰਿਕਾਰਡ ਜਨਤਕ ਕਿਉਂ ਨਹੀਂ ਕੀਤਾ ਗਿਆ? ਸ਼੍ਰੋਮਣੀ ਕਮੇਟੀ ਨੂੰ ਇਸ ਬਾਬਤ ਸਪਸ਼ਟ ਕਰਨਾ ਬਣਦਾ ਹੈ।

੨) ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਰਾਹੀਂ ਗਠਿਤ ਕੀਤੀ ਗਈ ਕਮੇਟੀ, ਜਿਸਦੇ ਕਨਵੀਨਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਨ, ਦੀ ੨੬ ਮਾਰਚ ੧੯੯੬ ਦੀ ਅੰਤ੍ਰਿਗ ਰਿਪੋਰਟ ਵਿੱਚ ਇਹ ਦਰਜ ਹੋਣਾ ਕਿ "ਪਾਵਨ ਸਰੂਪਾਂ ਦੀ ਛਪਾਈ ਵਿੱਚ ਬਾਰ-ਬਾਰ ਅਤੇ ਗੁਪਤੋ-ਗੁਪਤੀ ਪ੍ਰੈਸ-ਅਮਲੇ ਦੀ ਪੱਧਰ ਤੇ ਕੀਤੀਆਂ ਜਾ ਰਹੀਆਂ ਪਾਠ-ਸੁਧਾਈਆਂ" ਚਿੰਤਾਜਨਕ ਹੈ। ਇਹ ਸਥਾਪਤ ਕਰਦਾ ਹੈ ਕਿ ੧੯੬੪ ਤੋਂ ਬਾਅਦ ਵੀ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਪਾਠ-ਭੇਦ ਕੀਤੇ ਜਾ ਰਹੇ ਹਨ। ਇਸ ਦਾ ਸਾਰਾ ਰਿਕਾਰਡ ਵੀ ਉਨ੍ਹਾਂ ਆਪਣੀ ਰਿਪੋਰਟ ਦੇ ਨਾਲ ਨੱਥੀ ਕੀਤਾ ਹੋਇਆ ਹੈ। ਇਹ ਸਾਰਾ ਕੁੱਝ ਨਾ ਸਿਰਫ਼ ਸ਼੍ਰੋਮਣੀ ਕਮੇਟੀ ਦੀ ਕਾਬਲੀਅਤ ਤੇ ਸਵਾਲ ਖੜ੍ਹਾ ਕਰਦਾ ਹੈ, ਬਲਕਿ ਨੀਅਤ ਤੇ ਵੀ।

੩) ਜਾਗਤ-ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਦੁਆਰਾ ਅਧਿਕਾਰਤ ਕਿਸੇ ਵੀ ਸੰਸਥਾ ਤੋਂ ਇਲਾਵਾ ਕੋਈ ਵੀ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਛਾਪਣ, ਸਟੋਰ ਕਰਨ, ਵੰਡਣ ਅਤੇ ਸਪਲਾਈ ਕਰਨ ਦਾ ਅਧਕਾਰ ਨਹੀਂ ਰੱਖਦਾ। ਇਸ ਕਾਨੂੰਨ ਨਾਲ ਏਕਾਧਿਕਾਰ ਮਿਲ ਜਾਣ ਕਰਕੇ ਸ਼੍ਰੋਮਣੀ ਕਮੇਟੀ ਦੀ ਪਾਠ-ਭੇਦਾਂ ਦੀ ਸੁਧਾਈ ਦੀ ਜ਼ਿਮੇਵਾਰੀ ਤਾਂ ਸਗੋਂ ਹੋਰ ਵੀ ਵੱਧ ਜਾਂਦੀ ਹੈ। ਪਰ ਅਮਲ ਪਾਰਦਰਸ਼ੀ ਹੋਣ ਦੀ ਥਾਂ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਹੋ ਰਿਹਾ ਹੈ। ਸੰਗਤਾਂ ਅਥਵਾ ਵਿਦਵਾਨਾਂ ਨਾਲ ਉੱਕਾ ਹੀ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਜਾ ਰਿਹਾ। ਜਾਗਤ-ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦੀ ਮਨਮਰਜ਼ੀ ਦੀ ਵਿਆਖਿਆ ਵੀ ਦੇਖੀ ਜਾ ਰਹੀ ਹੈ। ਐਮਾਜ਼ਾਨ ਨੇ ਇਸ ਐਕਟ ਦੇ ਹਵਾਲੇ ਨਾਲ 'ਪੰਜਾਬੀ' ਵਿੱਚ ਲਿਖੀਆਂ ਅਨੇਕਾਂ ਗੁਰਬਾਣੀ ਆਧਾਰਿਤ ਕਿਤਾਬਾਂ ਆਪਣੇ ਪਲੈਟਫ਼ਾਰਮ ਤੋਂ ਹਟਾ ਦਿੱਤੀਆਂ ਹਨ ਜੋ ਕੀ ਸਰਾਸਰ ਗਲਤ ਹੈ। ਇੱਥੋਂ ਤੱਕ ਕਿ ਪ੍ਰੋਫੈਸਰ ਸਾਹਿਬ ਸਿੰਘ ਜੀ ਦਾ ਪੰਜਾਬੀ ਟੀਕਾ 'ਸ੍ਰੀ ਗੁਰੂ ਗਰੰਥ ਦਰਪਨ' ਵੀ ਐਮਾਜ਼ਾਨ ਤੋਂ ਹਟਾ ਦਿੱਤਾ ਗਿਆ ਹੈ।

੪) ਐਸ.ਜੀ.ਪੀ.ਸੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਮਹਿਕਮੇ ਲਈ ਮੁਲਾਜ਼ਮਾਂ ਅਤੇ ਕਮੇਟੀ ਦੀ ਚੋਣ ਲਈ ਯੋਗਤਾ ਅਤੇ ਪ੍ਰਕ੍ਰਿਆ ਪਾਰਦਰਸ਼ੀ ਅਤੇ ਆਨਲਾਈਨ ਹੋਣੀ ਚਾਹੀਦੀ ਹੈ। ਬੀੜ ਦੀ ਛਪਾਈ ਵਾਲ਼ੇ ਮਹਿਕਮੇ ਦੇ ਮੁਲਾਜ਼ਮਾਂ ਅਤੇ ਕਮੇਟੀ ਦੇ ਮੈਂਬਰਾਂ ਦੇ ਨਾਮ ਹਮੇਸ਼ਾ ਜਨਤਕ ਹੋਣੇ ਚਾਹੀਦੇ ਹਨ। ਸੰਗਤਾਂ ਨੂੰ ਦੱਸਿਆ ਜਾਵੇ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਹ ਕਿਵੇਂ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਗੁਰਮਤਿ-ਵਿਰੋਧੀ ਤਾਕਤਾਂ ਛਪਾਈ ਮਹਿਕਮੇ ਵਿੱਚ ਦਖਲ ਅੰਦਾਜ਼ੀ ਨਹੀਂ ਕਰ ਰਹੀਆਂ?

੫) ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਬਹੁਤ ਅਹਿਮ ਅਤੇ ਗੰਭੀਰ ਮਸਲਾ ਹੈ ਅਤੇ ਇਸ ਮਸਲੇ ਨੂੰ ਚੰਗੀ ਤਰਾਂ ਜਾਣਨ ਵਾਲੇ ਵਿਦਵਾਨ ਉਂਗਲਾ ਤੇ ਗਿਣੇ ਜਾ ਸਕਦੇ ਹਨ, ਜੋ ਕਿ ਇੱਕ-ਇੱਕ ਕਰਕੇ ਸੰਸਾਰ ਤੋਂ ਕੂਚ ਕਰੀ ਜਾ ਰਹੇ ਹਨ। ਸਮਾਂ ਬਹੁਤ ਕੀਮਤੀ ਹੈ। ਦੱਸੋ ਭਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਅਹਿਮ ਮਸਲੇ ਨੂੰ ਹੱਲ ਕਰਨ ਲਈ ਕਿਸ ਸਮੇਂ ਦੀ ਉਡੀਕ ਕਰ ਰਹੀ ਹੈ?

ਸੋ ਖਾਲਸਾ ਪੰਥ ਵੱਲੋਂ ਆਸ-ਉਮੀਦ ਕੀਤੀ ਜਾਂਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਬਿਨਾ ਕਿਸੇ ਦੇਰੀ ਦੇ ਸੰਗਤ ਦੀ ਕਚਿਹਰੀ ਵਿੱਚ ਇਨ੍ਹਾਂ ਗੰਭੀਰ ਸਵਾਲਾਂ ਦੇ ਤਸੱਲੀਬਖਸ਼ ਜੁਆਬ ਦਿੱਤੇ ਜਾਣ।

ਵੱਲੋਂ ਪੰਜ ਪ੍ਰਧਾਨੀ ਕੌਂਸਲ:
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।